

## ਪ੍ਰਭਾਵ ਦੇਖੋ*

ਹੇਠਾਂ ਦਿੱਤੀ ਉਦਾਹਰਨ ਵਿੱਚ, ਬਿਨੈਕਾਰ $400,000 ਦੀ ਪਹਿਲੀ ਮਾਰਗੇਜ ਕਰਜ਼ ਰਕਮ ਲਈ ਯੋਗਤਾ ਪੂਰੀ ਕਰਦਾ ਹੈ। $600,000 ਦਾ ਘਰ ਖਰੀਦਣ ਵਿੱਚ ਉਸਦੀ ਮਦਦ ਕਰਨ ਲਈ ਉਸਨੂੰ $215,000 ਦੀ ਸਹਾਇਤਾ ਦਿੱਤੀ ਗਈ ਸੀ। ਇਹ ਸਹਾਇਤਾ ਡਾਊਨ ਪੇਮੈਂਟ ਅਤੇ ਕਲੋਜ਼ਿੰਗ ਦੀਆਂ ਲਾਗਤਾਂ ਨੂੰ ਕਵਰ ਕਰਨ ਲਈ ਕਾਫ਼ੀ ਹੈ, ਤਾਂ ਜੋ ਘਰ ਖਰੀਦਣ ਵਾਲੇ ਤੋਂ ਲੋੜੀਂਦਾ ਯੋਗਦਾਨ ਜ਼ੀਰੋ ਹੋਵੇ।

ਹਰ ਬਿਨੈਕਾਰ ਦੀ ਸਥਿਤੀ ਵੱਖੋ-ਵੱਖਰੀ ਹੋ ਸਕਦੀ ਹੈ। ਇਹ ਦੇਖਣ ਲਈ ਕਿ ਤੁਸੀਂ ਕਿੰਨੀ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹੋ, ਕਿਸੇ ReCoverCA HBA ਕਰਜ਼ਦਾਤਾ ਨਾਲ ਗੱਲ ਕਰਨਾ ਮਹੱਤਵਪੂਰਨ ਹੈ।

*ਸਿਰਫ਼ ਉਦਾਹਰਨ ਦਿੱਤੇ ਜਾਣ ਦੇ ਉਦੇਸ਼ਾਂ ਲਈ (ਵੇਰਵਿਆਂ ਲਈ ਕਿਸੇ ਕਰਜ਼ਦਾਤਾ ਨੂੰ ਮਿਲੋ)*

| | |
|---|---|
| A. ਖਰੀਦ ਮੁੱਲ | $600000 |
| B. (-) ਵੱਧ ਤੋਂ ਵੱਧ ਪਹਿਲੀ ਮਾਰਗੇਜ ਕਰਜ਼ੇ ਦੀ ਰਕਮ | $400000 |
| C. ਲੋੜੀਂਦੀ ਡਾਊਨ ਪੇਮੈਂਟ (a-b) | $200000 |
| D. (+) ਕਲੋਜ਼ਿੰਗ ਦੀਆਂ ਲਾਗਤਾਂ | $15000 |
| E. ਕਲੋਜ਼ਿੰਗ ਲਈ ਲੋੜੀਂਦੀ ਨਕਦੀ (c+d) | $215000 |
| F. (-) ਫਾਇਦੀਆਂ ਦਾ ਦੁਹਰਾਵ | $0 |
| G. ਲੋੜੀਂਦੀ ਅਨੁਦਾਨ ਰਕਮ (e-f) | $215000 |
| H. ਵੱਧ ਤੋਂ ਵੱਧ ਇਜਾਜ਼ਤ ਦਿੱਤੀ ਜਾਂਦੀ ਅਨੁਦਾਨ ਰਕਮ (ਲਾਈਨ G ਜਾਂ $350K ਵਿੱਚੋਂ ਜੋ ਵੀ ਘੱਟ ਹੋਵੇ) | $215000 |
| I. ਲੋੜੀਂਦਾ ਕਰਜ਼ਦਾਰ ਦਾ ਯੋਗਦਾਨ (e-h) | $0 |

## ਸਵਾਲ ਹਨ ਜਾਂ ਸ਼ੁਰੂਆਤ ਕਰਨ ਲਈ ਤਿਆਰ ਹੋ?

https://qrco.de/bfAPP1

ReCover CA California

Golden State Finance Authority®

* ਇਸ ਬ੍ਰੋਸ਼ਰ ਵਿੱਚ ਪ੍ਰੋਗਰਾਮ ਬਾਰੇ ਆਮ ਜਾਣਕਾਰੀ ਦਿੱਤੀ ਗਈ ਹੈ, ਇਹ ਕ੍ਰੈਡਿਟ ਦੇ ਵਿਸਥਾਰ ਜਾਂ ਉਧਾਰ ਦੇਣ ਦੀ ਵਚਨਬੱਧਤਾ ਦੀ ਪੇਸ਼ਕਸ਼ ਨਹੀਂ ਹੈ ਅਤੇ ਬਿਨਾਂ ਨੋਟਿਸ ਦੇ ਬਦਲੀ ਜਾ ਸਕਦੀ ਹੈ। ਪੂਰੇ ਪ੍ਰੋਗਰਾਮ ਬਾਰੇ ਦਿਸ਼ਾ-ਨਿਰਦੇਸ਼, ਕਰਜ਼ੇ ਲਈ ਅਰਜ਼ੀਆਂ, ਵਿਆਜ ਦੀਆਂ ਦਰਾਂ ਅਤੇ ਸਾਲਾਨਾ ਪ੍ਰਤਿਸ਼ਤ ਦਰਾਂ (APRs) ReCoverCA HBA ਕਰਜ਼ਦਾਤਿਆਂ ਦੇ ਰਾਹੀਂ ਉਪਲਬਧ ਹਨ। ReCoverCA ਘਰ ਖਰੀਦਣ ਵਾਲਿਆਂ ਲਈ ਸਹਾਇਤਾ ਪ੍ਰੋਗਰਾਮ ਕੈਲੀਫੋਰਨੀਆ ਡਿਪਾਰਟਮੈਂਟ ਔਫ਼ ਹਾਊਸਿੰਗ ਐਂਡ ਕਮਿਊਨਿਟੀ ਡਿਵੈਲਪਮੈਂਟ ਦੁਆਰਾ ਪ੍ਰਦਾਨ ਕੀਤਾ ਜਾਂਦਾ ਹੈ, ਜੋ ਕਿ HUD ਤੋਂ ਕਮਿਊਨਿਟੀ ਡਿਵੈਲਪਮੈਂਟ ਬਲਾਕ ਗ੍ਰਾਂਟ - ਆਪਦਾ ਬਹਾਲੀ ਗ੍ਰਾਂਟ ਦੁਆਰਾ ਸੰਭਵ ਬਣਾਇਆ ਗਿਆ ਹੈ, ਅਤੇ ਗੋਲਡਨ ਸਟੇਟ ਫਾਈਨੈਂਸ ਅਥਾਰਟੀ (GSFA) ਦੁਆਰਾ ਪ੍ਰਬੰਧਿਤ ਕੀਤਾ ਜਾਂਦਾ ਹੈ, ਜੋ ਕਿ ਇੱਕ ਵਿਧੀਵਤ ਬਣਾਈ ਗਈ ਜਨਤਕ ਸੰਸਥਾ ਅਤੇ ਏਜੰਸੀ ਹੈ।

ਕਾਪੀਰਾਈਟ © 2025 HBA01 24 ਜਨਵਰੀ 2025

**ReCoverCA ਘਰ ਖਰੀਦਣ ਵਾਲਿਆਂ ਲਈ ਸਹਾਇਤਾ ਪ੍ਰੋਗਰਾਮ**



# ਘਰ ਖਰੀਦਣ ਵਾਲਿਆਂ ਲਈ ਸਹਾਇਤਾ

ਉਨ੍ਹਾਂ ਪਰਿਵਾਰਾਂ ਲਈ ਜੋ 2017 ਵਿੱਚ ਕੈਲੀਫੋਰਨੀਆ ਦੇ ਜੰਗਲਾਂ ਵਿੱਚ ਲਗਿਆਂ ਅੱਗਾਂ ਤੋਂ ਪ੍ਰਭਾਵਿਤ ਹੋਏ ਸਨ।

ਡਾਲਰ ਤੱਕ **$3,50,000**



# ReCoverCA ਘਰ ਖਰੀਦਣ ਵਾਲਿਆਂ ਲਈ ਸਹਾਇਤਾ ਪ੍ਰੋਗਰਾਮ

ReCoverCA ਘਰ ਖਰੀਦਣ ਵਾਲਿਆਂ ਲਈ ਸਹਾਇਤਾ ਪ੍ਰੋਗਰਾਮ ਵਿੱਚ ਘੱਟ-ਅਤੇ-ਦਰਮਿਆਨੀ ਆਮਦਨ ਵਾਲੇ ਪਰਿਵਾਰਾਂ ਦੀ ਕੈਲੀਫੋਰਨੀਆ ਵਿੱਚ ਖਾਸ ਤੌਰ ਤੇ ਅੱਗ ਦੀ ਜ਼ਿਆਦਾ ਜਾਂ ਬਹੁਤ ਜ਼ਿਆਦਾ ਤੀਬਰਤਾ ਵਾਲੇ ਖੇਤਰਾਂ ਤੋਂ ਬਾਹਰ ਘਰ ਖਰੀਦਣ ਲਈ **$350,000 ਤੱਕ ਦੀ ਸਹਾਇਤਾ ਮੁਹੱਈਆ** ਕਰਕੇ ਮਦਦ ਕਰਦਾ ਹੈ। ਇਹ ਆਰਥਿਕ ਸਹਾਇਤਾ ਕਿਸੇ ਪਰਿਵਾਰ ਦੀ ਮਾਰਗੇਜ ਕਰਜ਼ ਵਿੱਚ ਕਿੰਨਾ ਕਰਜ਼ ਲੈ ਸਕਦਾ ਹੈ ਅਤੇ ਸੰਪਤੀ ਦੇ ਖਰੀਦ ਮੁੱਲ ਦੇ ਵਿਚਕਾਰ ਦੇ ਅੰਤਰ ਨੂੰ ਕਵਰ ਕਰਨ ਵਿੱਚ ਮਦਦ ਕਰਦਾ ਹੈ। ਇਹ ਸਹਾਇਤਾ **ਪੰਜ ਸਾਲਾਂ ਬਾਅਦ ਪੂਰੀ ਤਰ੍ਹਾਂ ਮੁਆਫ਼** ਕਰ ਦਿੱਤੀ ਜਾਂਦੀ ਹੈ*, ਪਹਿਲੀ ਵਾਰ ਘਰ ਖਰੀਦਣ ਵਾਲੇ ਵਜੋਂ ਹੋਣ ਦੀ ਕੋਈ ਲੋੜ ਨਹੀਂ ਹੈ, ਅਤੇ ਯੋਗਤਾ ਪੂਰੀ ਕਰਨ ਲਈ ਕੋਈ ਸਰਵੋਤਮ ਕ੍ਰੈਡਿਟ ਹੋਣਾ ਜ਼ਰੂਰੀ ਨਹੀਂ ਹੈ।

***2017 ਵਿੱਚ ਜੰਗਲਾਂ ਵਿੱਚ ਲਗਿਆਂ ਅੱਗਾਂ ਤੋਂ ਪ੍ਰਭਾਵਿਤ ਹੋਏ ਵਿਅਕਤੀਆਂ ਤੋਂ ਅਰਜ਼ੀਆਂ 17 ਮਾਰਚ, 2025 ਤੋਂ ਖੁੱਲ੍ਹਣਗੀਆਂ।***




## ਘਰ ਖਰੀਦਣ ਵਾਲਿਆਂ ਲਈ ਸਹਾਇਤਾ

ਉਨ੍ਹਾਂ ਪਰਿਵਾਰਾਂ ਲਈ ਜੋ 2017 ਵਿੱਚ ਕੈਲੀਫੋਰਨੀਆ ਦੇ ਜੰਗਲਾਂ ਵਿੱਚ ਲਗਿਆਂ ਅੱਗਾਂ ਤੋਂ ਪ੍ਰਭਾਵਿਤ ਹੋਏ ਸਨ।

ਡਾਲਰ ਤੱਕ **$3,50,000**

## ਯੋਗ ਖੇਤਰ

ਜੇ ਤੁਹਾਡੀ ਮੁੱਖ ਰਿਹਾਇਸ਼ 2017 ਵਿੱਚ (ਮਾਲਕ ਜਾਂ ਕਿਰਾਏਦਾਰ ਦੇ ਤੌਰ 'ਤੇ) ਅੱਗ ਦੀ ਜ਼ਿਆਦਾ ਜਾਂ ਬਹੁਤ ਜ਼ਿਆਦਾ ਤੀਬਰਤਾ ਵਾਲੇ ਉਨ੍ਹਾਂ ਖੇਤਰਾਂ ਵਿੱਚ ਸਥਿਤ ਸੀ ਜੋ ਹੇਠਾਂ ਸੂਚੀਬੱਧ ਕੀਤੇ ਗਏ ਹਨ, ਤਾਂ ਤੁਸੀਂ ਯੋਗ ਹੋ ਸਕਦੇ ਹੋ।

2017 ਦੀਆਂ ਯੋਗ ਕਾਉਂਟੀਆਂ

- ਕਾਉਂਟੀ ਔਫ਼ ਸੋਨੋਮਾ
- ਕਾਉਂਟੀ ਔਫ਼ ਵੈਨਚੂਰਾ

2017 ਦੇ ਯੋਗ ਜ਼ਿਪ ਕੋਡ:

- 95470 (ਮੈਨਡਸੀਨੋ ਕਾਉਂਟੀ)
- 95901 (ਯੂਬਾ ਕਾਉਂਟੀ)
- 94558 (ਨਾਪਾ ਕਾਉਂਟੀ)
- 95422 (ਲੇਕ ਕਾਉਂਟੀ
- 93108 (ਸੈਂਟਾ ਬਾਰਬਰਾ ਕਾਉਂਟੀ)

## ਬਿਨੈਕਾਰ ਦੀ ਯੋਗਤਾ

- ਪਰਿਵਾਰ ਦੀ ਆਮਦਨ ਸੀਮਾਵਾਂ ਘੱਟ ਤੋਂ ਦਰਮਿਆਨੀ ਆਮਦਨ ਸੀਮਾਵਾਂ (ਖੇਤਰ ਦੀ ਔਸਤ ਆਮਦਨ ਦਾ 80%) ਨੂੰ ਪੂਰਾ ਕਰਨੀਆਂ ਲਾਜ਼ਮੀ ਹਨ
- 640 ਜਾਂ ਉਸ ਤੋਂ ਵੱਧ ਕ੍ਰੈਡਿਟ ਸਕੋਰ
- ਵੱਧ ਤੋਂ ਵੱਧ ਕਰਜ਼ਾ-ਤੋਂ-ਆਮਦਨ ਅਨੁਪਾਤ 45%.
- 8-ਘੰਟੇ ਦਾ ਔਨਲਾਈਨ ਘਰ ਖਰੀਦਣ ਵਾਲਿਆਂ ਦੇ ਸਿੱਖਿਆ ਕੋਰਸ ਨੂੰ ਪੂਰਾ ਕਰਨਾ ਲਾਜ਼ਮੀ ਹੈ।
- ਕੈਲੀਫੋਰਨੀਆ ਵਿੱਚ ਅੱਗ ਦੀ ਜ਼ਿਆਦਾ ਜਾਂ ਬਹੁਤ ਜ਼ਿਆਦਾ ਤੀਬਰਤਾ ਵਾਲੇ ਖੇਤਰਾਂ ਤੋਂ ਬਾਹਰ ਘਰ ਖਰੀਦਣਾ ਲਾਜ਼ਮੀ ਹੈ।



## ਕੀ ਇਹ ਸਹਾਇਤਾ ਮੁਆਫ਼ ਕੀਤੇ ਜਾਣ ਲਾਇਕ ਹੈ?

ਇਹ ਘਰ ਖਰੀਦਣ ਵਾਲਿਆਂ ਲਈ ਸਹਾਇਤਾ ਇੱਕ ਦੂਜੇ ਮਾਰਗੇਜ਼ ਲੋਨ ਹਾਰ ਦਿੱਤੀ ਜਾਂਦੀ ਹੈ। ਇਹ ਘਰ ਖਰੀਦਣ ਵਾਲੇ ਦੇ ਪੰਜ ਸਾਲਾਂ ਤੱਕ ਮਾਲਿਕਾਣਾ ਹੱਕ ਨੂੰ ਬਣਾਈ ਰੱਖਣ ਅਤੇ ਇਸ ਸੰਪਤੀ ਵਿੱਚ ਰਹਿਣ ਤੋਂ ਬਾਅਦ ਪੂਰੀ ਤਰ੍ਹਾਂ ਮੁਆਫ਼ ਕਰ ਦਿੱਤੀ ਜਾਂਦੀ ਹੈ।

## ਮੈਂ ਕਿੰਨੀ ਸਹਾਇਤਾ ਪ੍ਰਾਪਤ ਕਰ ਦੇ ਯੋਗ ਹੋ ਸਕਦਾ ਹਾਂ?

ReCoverCA HBA ਕਰਜ਼ਦਾਤਾ ਪ੍ਰੋਗਰਾਮ ਦੇ ਤਹਿਤ ਬਿਨੈਕਾਰਾਂ ਨੂੰ ਉਨ੍ਹਾਂ ਦੀ ਯੋਗ ਸਹਾਇਤਾ ਨਿਰਧਾਰਤ ਕਰਨ ਵਿੱਚ ਮਦਦ ਕਰਨਗੇ। ਸਹਾਇਤਾ ਦੀ ਰਕਮ ਬਿਨੈਕਾਰ ਦੇ ਯੋਗ ਪਹਿਲੇ ਮੌਰਗੇਜ਼ ਲੋਨ (45% DTI ਤੋਂ ਵੱਧ ਨਹੀਂ) ਅਤੇ ਖਰੀਦੇ ਜਾ ਰਹੇ ਘਰ ਦੇ ਖਰੀਦ ਮੁੱਲ ਜਾਂ ਮੁਲਾਂਕਣ ਮੁੱਲ ਦੇ ਘੱਟ ਵਿਚਕਾਰ ਅੰਤਰ 'ਤੇ ਅਧਾਰਤ ਹੈ।

ਘਰ ਖਰੀਦਣ ਵਾਲਿਆਂ ਲਈ ਸਹਾਇਤਾ ਦੀ ਰਕਮ ਨੂੰ ਹੋਰ ਸਰੋਤਾਂ ਤੋਂ ਕਿਸੇ ਵੀ ਅਣਵਰਤੀ ਰਿਹਾਇਸ਼ ਸਹਾਇਤਾ ਅਤੇ ਕਿਸੇ ਵੀ ਬਿਨੈਕਾਰ ਦੇ ਕੈਸ਼ ਰਿਜ਼ਰਵ ਦੁਆਰਾ ਘਟਾਇਆ ਜਾ ਸਕਦਾ ਹੈ ਜੋ $100,000 ਤੋਂ ਵੱਧ ਹਨ। ਵੱਧ ਤੋਂ ਵੱਧ ਸਹਾਇਤਾ ਰਕਮ ਪ੍ਰਤੀ ਪਰਿਵਾਰ $350,000 ਹੈ।